**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ :

**ਸਕੂਲ ਮੁਖੀ**
**ਸਰਕਾਰੀ, ਏਡਿਡ, ਪ੍ਰਾਈਵੇਟ ਸਕੂਲ, ਪੰਜਾਬ**

ਮੀਮੋ ਨੰ : 13/1-2018/SSA/MIS/ epunjab | 201829128
ਮਿਤੀ : ਚੰਡੀਗੜ੍ਹ 13 ਜੁਲਾਈ, 2018

**ਵਿਸ਼ਾ : ਵਿਦਿਆਰਥੀਆਂ ਦੇ SLC ਜਨਰੇਟ ਕਰਨ ਸਬੰਧੀ।**

1.0 ਸਿੱਖਿਆ ਵਿਭਾਗ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਹਰ ਵਿਦਿਆਰਥੀ ਦਾ ਰਿਕਾਰਡ ਸਕੂਲਾਂ ਤੋਂ ਅਪਡੇਟ ਕਰਵਾਇਆ ਜਾਂਦਾ ਹੈ। ਵਿਦਿਆਰਥੀਆਂ ਦੇ ਇਸ ਰਿਕਾਰਡ ਨੂੰ ਸਿੱਖਿਆ ਵਿਭਾਗ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਵਿਭਾਗ ਅਤੇ ਭਾਰਤ ਸਰਕਾਰ ਦੇ ਕਈ ਅਦਾਰਿਆਂ ਵਲੋਂ ਵੱਖ -ਵੱਖ ਮੰਤਵਾਂ ਲਈ ਵਰਤਿਆ ਜਾਂਦਾ ਹੈ। ਇਸ ਲਈ ਵਿਦਿਆਰਥੀਆਂ ਦੇ ਰਿਕਾਰਡ ਨੂੰ ਸਮੇਂ ਸਿਰ ਪੋਰਟਲ ਉੱਤੇ ਅਪਡੇਟ ਕਰਨਾ ਜਰੂਰੀ ਹੈ।

2.0 ਬਹੁਤ ਸਾਰੇ ਸਕੂਲਾਂ ਵਲੋਂ ਇਹ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਵਿਦਿਆਰਥੀ ਦਾ SLC ਪਿਛਲੇ ਸਕੂਲ ਵਲੋਂ www.epunjabschool.gov.in ਪੋਰਟਲ ਉੱਤੇ ਜਾਰੀ ਨਹੀਂ ਕੀਤਾ ਜਾ ਰਿਹਾ ਹੈ ਜਿਸ ਨਾਲ ਕਿ ਮੌਜੂਦਾ ਸਕੂਲ ਵਿਚ ਵਿਦਿਆਰਥੀ ਦਾ ਦਾਖਲਾ ਨਹੀਂ ਹੋ ਪਾ ਰਿਹਾ ਹੈ।

3.0 ਇਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਪੋਰਟਲ ਉੱਤੇ ਵਿਦਿਆਰਥੀਆਂ ਦਾ ਰਿਕਾਰਡ ਹਰ ਸਕੂਲ ਵਲੋਂ ਸਹੀ ਦਰਜ ਕੀਤਾ ਜਾਵੇ ਅਤੇ ਜਦੋਂ ਵੀ ਵਿਦਿਆਰਥੀ ਸਕੂਲ ਛੱਡਦਾ ਹੈ ਤਾਂ ਉਸੀ ਸਮੇਂ ਉਸ ਦਾ SLC ਪੋਰਟਲ ਉੱਤੇ ਜਾਰੀ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਦਾ ਰਿਕਾਰਡ ਉਸ ਸਕੂਲ ਵਿਚ ਸ਼ਿਫਟ ਹੋ ਸਕੇ ਜਿਸ ਵਿਚ ਉਸ ਨੇ ਦਾਖਲਾ ਲਿਆ ਹੈ।

4.0 ਜੇਕਰ ਵਿਦਿਆਰਥੀ ਦਾ ਰਿਕਾਰਡ SLC ਜਨਰੇਟ ਨਾ ਹੋਣ ਕਾਰਨ ਸ਼ਿਫਟ ਹੋਣ ਤੋਂ ਰਹਿ ਜਾਂਦਾ ਹੈ ਅਤੇ ਵਿਦਿਆਰਥੀ ਪ੍ਰੀਖਿਆ, ਸਕਾਲਰਸ਼ਿਪ ਜਾਂ ਕਿਸੇ ਹੋ ਸੁਵਿਧਾ ਤੋਂ ਵਾਂਝਾ ਰਹਿੰਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਉਸ ਸਕੂਲ ਦੀ ਹੋਵੇਗੀ ਜਿਸ ਵਲੋਂ ਉਸ ਦੇ ਰਿਕਾਰਡ ਨੂੰ ਸ਼ਿਫਟ ਹੋਣ ਤੋਂ ਰੋਕ ਕੇ ਰੱਖਿਆ ਗਿਆ ਹੈ।

5.0 ਜੇਕਰ ਕੋਈ ਸਕੂਲ ਵਿਦਿਆਰਥੀ ਦਾ SLC ਜਨਰੇਟ ਨਹੀਂ ਕਰਦਾ ਤਾਂ ਵਿਦਿਆਰਥੀ ਦੇ ਮਾਪੇ ਇਸ ਸਬੰਧੀ ਆਪਣੀ ਲਿਖਤੀ ਸ਼ਿਕਾਇਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਕਰ ਸਕਦੇ ਹਨ ਅਤੇ ਜਿਲ੍ਹਾ ਸਿੱਖਿਆ ਅਫਸਰ ਇਸ ਸਬੰਧੀ ਢੁਕਵੀਂ ਕਾਰਵਾਈ ਕਰਨਗੇ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ
3) ਡੀ.ਪੀ.ਆਈ. (ਸੈ.ਸਿ.), ਪੰਜਾਬ
4) ਡੀ.ਪੀ.ਆਈ. (ਐ.ਸਿ.), ਪੰਜਾਬ